# ਜਿਲ੍ਹਾ ਪ੍ਰੋਜੈਕਟ ਡਾਇਰੈਕਟਰ,ਸਰਵ ਸਿਖਿਆ ਅਭਿਆਨ,ਬਠਿੰਡਾ।

ਹੁਕਮ ਨੰ. ਆਰ.ਟੀ. ਈ/2015-16/ਮਾਨਤਾ/504
ਮਿਤੀ ਬਠਿੰਡਾ: 17.02.2016

ਵਿਸ਼ਾ: **ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਦੇ ਅਧਿਕਾਰ, ਕਾਨੂੰਨ 2009 ਦੇ ਨਿਯਮ 11 ਉਪ ਨਿਯਮ(4) ਤਹਿਤ, ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ,ਕਾਨੂੰਨ 2009 ਦੇ ਉਦੇਸ਼ ਸੈਕਸ਼ਨ(18), ਸਕੂਲ ਲਈ ਮਾਨਤਾ ਸਰਟੀਫਿਕੇਟ।**

ਸ੍ਰੀ ਮਾਨ/ਸ੍ਰੀ ਮਤੀ ਜੀ,

ਆਪ ਦੇ ਬਿਨੈ ਪੱਤਰ ਮਿਤੀ **30.03.2015** ਦੇ ਹਵਾਲੇ ਇਸੇ ਲਹੇਜੇ ਵਿੱਚ ਸਕੂਲ/ਨਿਰੀਖਣ ਨਾਲ ਲਗਾਤਾਰ ਪੱਤਰ ਵਿਹਾਰ ਅਨੁਸਾਰ, **ਮਿਤੀ 01.04.2015 ਤੋਂ 31.03.16** ਤੱਕ **ਜਮਾਤ ਪਹਿਲੀ ਤੋਂ ਅੱਠਵੀਂ ਤੱਕ ਦੂਨ ਪਬ. ਸੀਨੀ. ਸੈਕੰ. ਸਕੂਲ, ਕਲਿਆਣ ਸੁੱਖਾ, ਬਲਾਕ ਨਥਾਣਾ, ਜ਼ਿਲ੍ਹਾ ਬਠਿੰਡਾ** ਨੂੰ ਆਰਜ਼ੀ ਮਾਨਤਾ ਦਿੱਤੀ ਜਾਂਦੀ ਹੈ।

ਉਪਰੋਕਤ ਮਨਜ਼ੂਰੀ ਹੇਠ ਲਿਖੀਆਂ ਸ਼ਰਤਾ ਦੀ ਪੂਰਤੀ ਅਨੁਸਾਰ ਹੋਵੇਗੀ।

1. ਉਪਰੋਕਤ ਜਮਾਤ ਤੋਂ ਅੱਗੇ ਇਹ ਮਾਨਤਾ ਲਾਗੂ ਨਹੀਂ ਹੋਵੇਗੀ।
2. ਸਕੂਲ, ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ, ਕਾਨੂੰਨ 2009, ਅਨੈਕਸਚਰ(1), ਅਤੇ ਅਨੈਕਸਚਰ(2) ਦੀਆਂ ਧਾਰਾਵਾਂ ਦੀਆਂ ਪਾਲਣਾ ਕਰੇਗਾ।
3. ਜਮਾਤਾਂ ਦੇ ਕੁੱਲ ਵਿਦਿਆਰਥੀਆਂ ਦੀ 25% ਅਨੁਸਾਰ ਸਕੂਲ ਆਪਣੇ ਆਲੇ-ਦੁਆਲੇ ਵਿੱਚੋਂ ਕਮਜ਼ੋਰ ਅਤੇ ਪਛੜੇ ਹੋਏ ਵਿਦਿਆਰਥੀਆਂ ਨੂੰ ਪਹਿਲੀ ਜਮਾਤ ਵਿੱਚ ਦਾਖਲ ਕਰੇਗਾ ਅਤੇ ਉਹਨਾਂ ਦੀ ਮੁਢਲੀ ਸਿੱਖਿਆ ਦੀ ਪੂਰਨਤਾ ਤੱਕ ਮੁਫਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਦੇਵੇਗਾ ਅਤੇ ਲੋੜ ਅਨੁਸਾਰ ਇਨ੍ਹਾਂ ਨਿਯਮਾਂ ਦਾ ਪਾਲਣ ਪ੍ਰੀ ਪ੍ਰਾਇਮਰੀ ਜਮਾਤਾਂ ਵਿੱਚ ਵੀ ਕਰੇਗਾ।
4. ਪੈਰਾ 3 ਵਿੱਚ ਦਰਸਾਏ ਬੱਚਿਆਂ ਸਬੰਧੀ,ਕਾਨੂੰਨ ਦੇ ਸੈਕਸ਼ਨ 12(2) ਅਨੁਸਾਰ ਸਕੂਲ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ ਅਤੇ ਇਸ ਪ੍ਰਤੀ ਪੂਰਤੀ ਨੂੰ ਪ੍ਰਾਪਤ ਕਰਨ ਲਈ ਸਕੂਲ ਨੂੰ ਇੱਕ ਵੱਖਰਾ ਬੈਂਕ ਖਾਤਾ ਦੇਣਾ ਪਵੇਗਾ।
5. ਸਕੂਲ ਜਾਂ ਸੰਸਥਾ ਕਿਸੇ ਕਿਸਮ ਦੀ ਕੈਪੀਟੇਸ਼ਨ ਫੀਸ ਇਕੱਠੀ ਨਹੀਂ ਕਰੇਗਾ ਅਤੇ ਬੱਚੇ ਜਾਂ ਉਸ ਦੇ ਮਾਤਾ-ਪਿਤਾ/ਗਾਰਡੀਅਨ ਦੀ ਇੰਟਰਵਿਊ ਨਹੀਂ ਲਵੇਗਾ।
6. **ਸਕੂਲ ਵੱਲੋਂ ਹੇਠ ਲਿਖੇ ਵਿੱਚੋਂ ਦਾਖਲੇ ਲਈ ਮਨ੍ਹਾ ਨਹੀਂ ਕੀਤਾ ਜਾਵੇਗਾ:**
   - ਜਨਮ ਤਰੀਖ ਦਾ ਸਬੂਤ ਨਾ ਹੋਣ ਦੀ ਸੂਰਤ ਵਿੱਚ।
   - ਦਾਖਲਾ ਮਿਤੀ ਤੋਂ ਬਾਅਦ ਵਧਾਏ ਸਮੇਂ ਵਿੱਚ।
   - ਧਰਮ,ਜਾਤ-ਪਾਤ,ਜਨਮ ਸਥਾਨ ਦੇ ਅਧਾਰ ਤੇ।
7. **ਸਕੂਲ ਯਕੀਨੀ ਬਣਾਵੇ:**

(1) ਮੁਢਲੀ ਵਿਦਿਆ ਦੀ ਸੰਪੂਰਨਤਾ ਤੱਕ ਕੋਈ ਵੀ ਬੱਚਾ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਸਕੂਲ ਵਿੱਚੋਂ ਉਸ ਦਾ ਨਾਮ ਕਟਿਆ ਜਾਵੇਗਾ।

(2) ਕਿਸੇ ਵੀ ਬੱਚੇ ਨੂੰ ਸਰੀਰਿਕ ਸਜ਼ਾ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਦਿੱਤੀ ਜਾਵੇਗੀ।

(3) ਮੁਢਲੀ ਵਿਦਿਆ ਦੀ ਪੂਰਨਤਾ ਤੱਕ ਕਿਸੇ ਵੀ ਬੱਚੇ ਨੂੰ ਬੋਰਡ ਦੇ ਇਮਤਿਹਾਨ ਦੀ ਲੋੜ ਨਹੀਂ ਹੈ।

(4) ਨਿਯਮ 23 ਵਿੱਚ ਦਰਸਾਏ ਅਨੁਸਾਰ ਹਰ ਬੱਚਾ ਜੋ ਮੁਢਲੀ ਵਿਦਿਆ ਪੂਰੀ ਕਰੇਗਾ ਉਸ ਨੂੰ ਇਸ ਦਾ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।

(5) ਐਕਟ ਦੀਆਂ ਧਾਰਾਵਾਂ ਅਨੁਸਾਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆ ਨੂੰ ਸ਼ਾਮਿਲ ਕਰਨਾ।

(6) ਇਸ ਐਕਟ ਦੇ ਸੈਕਸ਼ਨ 23(1) ਅਧੀਨ ਦਰਸਾਏ ਘੱਟੋ-ਘੱਟ ਯੋਗਤਾ ਵਾਲੇ ਅਧਿਆਪਕ ਭਰਤੀ ਕਰਨਾ।

(7) ਅਧਿਆਪਕ ਵੱਲੋਂ ਇਸ ਐਕਟ ਦੇ ਸੈਕਸ਼ਨ 24(1) ਵਿੱਚ ਦਰਸਾਈਆਂ ਡਿਊਟੀਆਂ ਕਰਨਾ

(8) ਅਧਿਆਪਕ ਕਿਸੇ ਵੀ ਕਿਸਮ ਦੀਆਂ ਪ੍ਰਾਈਵੇਟ ਅਧਿਆਪਨ ਕਿਰਿਆਵਾਂ ਵਿੱਚ ਸ਼ਾਮਿਲ ਨਹੀਂ ਹੋਵੇਗਾ। ਢੁਕਵੀਂ ਅਥਾਰਟੀ ਵੱਲੋਂ ਬਣਾਏ ਪਾਠਕ੍ਰਮ ਦੇ ਅਧਾਰਿਤ ਸਿਲੇਬਸ ਸਕੂਲ ਵੱਲੋਂ ਕਰਵਾਇਆ ਜਾਵੇਗਾ।

(9) ਐਕਟ ਦੇ ਸੈਕਸ਼ਨ 19 ਵਿੱਚ ਦਰਸਾਏ, ਅਨੁਸਾਰ ਸਕੂਲ ਆਪਣਾ ਪੱਧਰ ਅਤੇ ਨਿਯਮ ਬਰਕਰਾਰ ਰੱਖੇਗਾ।

(10) ਸਕੂਲ ਦੇ ਅੰਦਰ ਗੈਰਮਾਨਤਾ ਪ੍ਰਾਪਤ ਜਮਾਤਾਂ ਨਹੀਂ ਚਲਣਗੀਆਂ ਅਤੇ ਨਾ ਹੀ ਸਕੂਲ ਦੇ ਨਾਮ ਤੇ ਸਕੂਲ ਤੋਂ ਬਾਹਰ।

(11) ਸਕੂਲ ਦੀ ਬਿਲਡਿੰਗ ਜਾਂ ਹੋਰ ਉਸਾਰੀ ਜਾਂ ਖੇਡ ਮੈਦਾਨ ਸਿੱਖਿਆ ਦੇ ਉਦੇਸ਼ ਲਈ ਹੀ ਵਰਤੇ ਜਾਣਗੇ।

(12) ਸੰਸਥਾਵਾਂ ਰਜਿਸਟ੍ਰੇਸ਼ਨ ਐਕਟ 1860(21 ਆਫ 1960) ਅਧੀਨ ਜਾਂ ਲੋਕ ਹਿੱਤ ਬਣੇ ਉਸ ਸਮੇਂ ਦੇ ਕਾਨੂੰਨ ਅਧੀਨ ਰਜਿਸਟਰਡ ਸੰਸਥਾਵਾਂ ਵੱਲੋਂ ਸਕੂਲ ਚਲਾਇਆ ਜਾਂਦਾ ਹੋਵੇ।

(13) ਸਕੂਲ ਕਿਸੇ ਵੀ ਇੱਕ ਵਿਅਕਤੀ,ਗਰੁੱਪ ਜਾਂ ਐਸੋਸੀਏਸ਼ਨ ਜਾਂ ਕਿਸੇ ਹੋਰ ਵਿਅਕਤੀ ਦੇ ਮੁਨਾਫੇ ਲਈ ਨਹੀਂ ਚਲ ਰਿਹਾ।

(14) ਨਿਯਮਾਂ ਅਨੁਸਾਰ ਖਾਤਿਆਂ ਦੀ ਸਹੀ ਸਟੇਟਮੈਂਟ ਬਣਾਈ ਜਾਵੇ। ਸੀ.ਏ. ਵੱਲੋਂ ਅਕਾਊਂਟ ਆਡਿਟ ਅਤੇ ਤਸਦੀਕ ਕੀਤਾ ਜਾਵੇ। ਹਰੇਕ ਅਕਾਊਂਟ ਦੀ ਕਾਪੀ ਡੀ.ਈ.ਓ ਨੂੰ ਹਰ ਸਾਲ ਭੇਜੀ ਜਾਵੇ।

(15) ਤੁਹਾਡੇ ਸਕੂਲ ਨੂੰ ਦਿੱਤਾ ਗਿਆ ਮਾਨਤਾ ਨੰ **ਆਰ.ਟੀ. ਈ/2015-16/ਮਾਨਤਾ/504 ਮਿਤੀ ਬਠਿੰਡਾ 17/02/2016** ਇਸ ਨੰਬਰ ਨੂੰ ਸਾਡੇ ਦਫਤਰ ਨਾਲ ਅਗਲੇਰੀ ਗੱਲਬਾਤ ਲਈ ਵਰਤਿਆ ਜਾਵੇ।

(16) ਸਕੂਲ ਜਿਲ੍ਹਾ ਸਿੱਖਿਆ ਅਫਸਰ ਕਮ ਜਿਲ੍ਹਾ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਵੱਲੋਂ ਸਮੇਂ ਸਮੇਂ ਲੋੜੀਂਦੀਆਂ ਰਿਪੋਰਟਾਂ ਅਤੇ ਜਾਣਕਰੀ ਦੇਵੇਗਾ । ਸਕੂਲ ਦੇ ਕੰਮਾਂ ਵਿੱਚ ਘਾਟਾਂ ਨੂੰ ਕੱਢਣ ਜਾਂ ਰਾਜ ਸਰਕਾਰ/ਸਥਾਨਕ ਅਥਾਰਟੀ ਵੱਲੋਂ ਜਾਰੀ ਮਾਨਤਾ ਦੀ ਪੂਰਨਤਾ ਨੂੰ ਜਾਰੀ ਰੱਖਣ ਸਬੰਧੀ ਸ਼ਰਤਾਂ ਨੂੰ ਮੰਨੇਗਾ।

(17) ਫਾਇਰ ਸੇਫਟੀ, ਬਿਲਡਿੰਗ ਸੇਫਟੀ ਅਤੇ ਸੰਸਥਾ ਦੇ ਰਜਿਸਟ੍ਰੇਸ਼ਨ ਨੂੰ ਨਵਿਆਉਣਾ, ਜੇ ਕੋਈ ਹੈ।

(18) ਸਕੂਲ ਨੂੰ ਕਿਸੇ ਵੀ ਸਮੇਂ ਨਿਰੀਖਣ ਕਰਨ ਤੇ ਆਰ.ਟੀ.ਐਕਟ. 2009 ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਇਹ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਸੈਸ਼ਨ 2016-17 ਲਈ ਦਾਖਲਾ ਕਰਨ ਤੋਂ ਪਹਿਲਾਂ ਮਾਨਤਾ ਨਵਿਆਉਣ ਲਈ 15.03.2016 ਤੱਕ ਅਪਲਾਈ ਕਰਨਾ ਅਤੇ ਬਿਨਾਂ ਅਪਲਾਈ ਕਰਨ ਤੋਂ ਬਗੈਰ ਨਵਾਂ ਦਾਖਲਾ ਨਹੀਂ ਕੀਤਾ ਜਾਵੇਗਾ।

Chairman
Baba Budh Ram Parkash Ji
Educational Society
Kalyan Sukha

17/2